ਪੰਜਾਬ ਸਰਕਾਰ
ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ
(ਜਨਰਲ ਸ਼ਾਖਾ)

ਸੇਵਾ ਵਿਖੇ

1. ਡਵੀਜ਼ਨਲ ਡਿਪਟੀ ਡਾਇਰੈਕਟਰ ਪੰਚਾਇਤ,
2. ਵਧੀਕ ਡਿਪਟੀ ਕਮਿਸ਼ਨਰ (ਵਿਕਾਸ),
3. ਜ਼ਿਲਾ ਵਿਕਾਸ ਅਤੇ ਪੰਚਾਇਤ ਅਫਸਰ ,
4. ਉਪ ਮੁੱਖ ਕਾਰਜਕਾਰੀ ਅਫਸਰ,ਜਿਲਾ ਪ੍ਰੀਸ਼ਦ,
3. ਬਲਾਕ ਵਿਕਾਸ ਅਤੇ ਪੰਚਾਇਤ ਅਫਸਰ।

ਯਾਦ ਪੱਤਰ ਨੰ: 6/1/95-ਜੀ-2/2007/ 13856-14061
ਚੰਡੀਗੜ੍ਹ,ਮਿਤੀ 2 ਅਪ੍ਰੈਲ 2007.

ਵਿਸ਼ਾ:- **ਗਰਾਮ ਸਭਾਵਾਂ ਦੀਆਂ ਮੀਟਿੰਗਾਂ ਨੂੰ ਨਿਯਮਿਤ ਢੰਗ ਨਾਲ ਕਰਵਾਉਣ ਬਾਰੇ।**

ਹਵਾਲਾ :- ਇਸ ਵਿਭਾਗ ਦਾ ਯਾਦ ਪੱਤਰ ਨੰਬਰ 6/1/95-ਪਾਲਿਸੀ/ਜ/2003/30122-279, ਮਿਤੀ 11/09/2003 ਦੇ ਨਿਰੰਤਰ ਵਿੱਚ।

====

ਪੰਚਾਇਤਾਂ ਪਿੰਡ ਪੱਧਰ ਤੇ ਲੋਕਤੰਤਰ ਦੀ ਮੁੱਢਲੀ ਇਕਾਈ ਹਨ ਅਤੇ ਉਹ ਸਿੱਧੇ ਤੌਰ ਤੇ ਗਰਾਮ ਸਭਾ ਨੂੰ ਜਵਾਬਦੇਹ ਹਨ।ਪੰਜਾਬ ਪੰਚਾਇਤੀ ਰਾਜ ਐਕਟ, 1994 ਦੀ ਧਾਰਾ 5 ਅਧੀਨ ਸਾਲ ਵਿੱਚ 2 ਗਰਾਮ ਸਭਾ ਦੀਆਂ ਮੀਟਿੰਗਾਂ ਹੋਣੀਆਂ ਜ਼ਰੂਰੀ ਹਨ ਜਿਹੜੀਆਂ ਕਿ ਜੂਨ ਅਤੇ ਦਸੰਬਰ ਵਿੱਚ ਹੋਣੀਆਂ ਹੁੰਦੀਆਂ ਹਨ।

ਸਰਕਾਰ ਨੇ ਫੈਸਲਾ ਕੀਤਾ ਹੈ ਕਿ ਗਰਾਮ ਸਭਾ ਦੀਆਂ ਮੀਟਿੰਗਾਂ ਸਾਲ ਵਿੱਚ ਹਰ ਤਿਮਾਹੀ ਕੀਤੀਆਂ ਜਾਣ। ਇਹ ਮੀਟਿੰਗਾਂ ਰਾਸ਼ਟਰੀ ਦਿਵਸ ਜਿਵੇਂ ਕਿ 26 ਜਨਵਰੀ, ਲੇਬਰ-ਡੇ, 15 ਅਗਸਤ ਅਤੇ ਗਾਂਧੀ ਜਯੰਤੀ ਵਾਲੇ ਦਿਨ ਕਰਨੀਆਂ ਯਕੀਨੀ ਬਣਾਈਆਂ ਜਾਣ ।ਗਰਾਮ ਸਭਾ ਦੀ ਮੀਟਿੰਗ ਅਸਰਦਾਰ ਢੰਗ ਨਾਲ ਰੈਗੂਲਰ ਤੌਰ ਤੇ ਕਰਵਾਉਣ ਲਈ ਸਾਲ ਵਿੱਚ ਹਰ ਤਿਮਾਹੀ ਗਰਾਮ ਸਭਾ ਦੀ ਮੀਟਿੰਗ ਕੀਤੀ ਜਾਵੇ ਅਤੇ ਉਸ ਮੀਟਿੰਗ ਵਿੱਚ ਹੇਠ ਲਿਖੇ ਮੁੱਦਿਆਂ ਬਾਰੇ ਵਿਸ਼ੇਸ਼ ਤੌਰ ਤੇ ਵਿਚਾਰ-ਵਟਾਂਦਰਾ ਕੀਤਾ ਜਾਵੇ:-

1) ਪਿੰਡ ਦੀ ਸ਼ਾਮਲਾਤ ਜ਼ਮੀਨ ਨੂੰ ਚਕੌਤੇ ਤੇ ਦੇਣਾ ਅਤੇ ਚਕੌਤੇ ਦੀ ਰਕਮ ਦੀ ਕੀ ਵਸੂਲੀ ਹੋ ਚੁੱਕੀ ਹੈ ਜਾਂ ਨਹੀਂ। ਸ਼ਾਮਲਾਤ ਜ਼ਮੀਨ ਉਪਰ ਨਜਾਇਜ਼ ਕਬਜ਼ੇ ਸਬੰਧੀ ਕੋਰਟਾਂ ਵਿੱਚ ਚੱਲ ਰਹੇ ਕੇਸਾਂ ਦੀ ਪੈਰਵਾਈ,ਕਬਜ਼ਾ ਲੈਣ ਲਈ ਪੰਚਾਇਤ ਵਲੋਂ ਕੀਤੀ ਕਾਰਵਾਈ।

2) ਪੰਚਾਇਤਾਂ ਨੂੰ ਪ੍ਰਾਪਤ ਹੋਈਆਂ ਗਰਾਂਟਾਂ:-
ਗਰਾਂਟ ਕਿਸ ਮੰਤਵ ਲਈ ਆਈ ਹੈ। ਗਰਾਂਟ ਨਾਲ ਕਿਹੜਾ ਵਿਕਾਸ ਦਾ ਕੰਮ ਹੋਇਆ ਹੈ, ਖਰਚੇ ਪੰਚਾਇਤ ਅਤੇ ਗਰਾਮ ਸਭਾ ਪਾਸੋਂ ਪਾਸ ਹੋ ਚੁੱਕੇ ਹਨ, ਵਰਤੋਂ ਸਰਟੀਫਿਕੇਟ ਜਾਰੀ ਹੋ ਚੁੱਕੇ ਹਨ ਜਾਂ ਨਹੀਂ?ਹਰ ਤਿਮਾਹੀ ਆਮਦਨ ਅਤੇ ਖਰਚੇ ਸਬੰਧੀ ਗੋਸ਼ਵਾਰੇ ਬਾਰੇ ਵਿਚਾਰ-ਵਟਾਂਦਰਾ ਕੀਤਾ ਜਾਵੇ।

3) ਲਾਭਪਾਤਰੀ ਸਕੀਮਾਂ ਅਧੀਨ ਲਾਭਪਾਤਰਾਂ ਦੀ ਚੋਣ/ਸਰਕਾਰ ਵਲੋਂ ਲਾਭਪਾਤਰ ਸਕੀਮਾਂ ਜਿਵੇਂ ਇੰਦਰਾ ਅਵਾਸ ਯੋਜਨਾ, ਬੁਢਾਪਾ, ਵਿਧਵਾ, ਬੇਸਹਾਰਾ,ਅਪਾਹਜ ਪੈਨਸ਼ਨ ਸਬੰਧੀ, ਆਰ.ਕੇ.ਵਾਈ

ਅਧੀਨ ਗਰੀਬ ਪ੍ਰੀਵਾਰਾਂ ਦੇ ਘਰਾਂ ਵਿੱਚ ਲੈਟਰੀਨ ਬਨਵਾਉਣ ਸਬੰਧੀ, ਲਾਭਪਾਤਰਾਂ ਦੀ ਚੋਣ ਦਾ ਮਸਲਾ ਗਰਾਮ ਸਭਾ ਦੀਆਂ ਮੀਟਿੰਗਾਂ ਵਿੱਚ ਕੀਤਾ ਜਾਵੇ। ਲਾਭਪਾਤਰਾਂ ਤੋਂ ਜੇਕਰ ਉਸ ਦੇ ਹਿੱਸੇ ਦੀ ਰਕਮ ਲੈਣੀ ਹੋਵੇ,ਉਨਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਜਾ ਸਕਦਾ ਹੈ;

4) ਪਿੰਡਾਂ ਵਿੱਚ ਛੱਪੜਾਂ ਦੇ ਸੁਧਾਰ,ਵਿਕਾਸ ਅਤੇ ਵਾਤਾਵਰਣ ਦੇ ਸੁਧਾਰ ਬਾਰੇ ਗਰਾਮ ਸਭਾ ਵਿੱਚ ਵਿਚਾਰਿਆ ਜਾਵੇ।

5) ਪੰਚਾਇਤੀ ਰਾਜ ਸੰਸਥਾਵਾਂ ਨੂੰ ਸੌਂਪੇ ਗਏ ਪ੍ਰਾਇਮਰੀ ਸਕੂਲ ਵਿੱਚ ਤੈਨਾਤ ਈ.ਟੀ.ਟੀ.ਟੀਚਰਾਂ ਦੀ ਹਾਜ਼ਰੀ ਅਤੇ ਸਕੂਲਾਂ ਦੀਆਂ ਇਮਾਰਤਾਂ ਦੀ ਸਾਂਭ-ਸੰਭਾਲ ਬਾਰੇ ਗਰਾਮ ਸਭਾ ਵਿੱਚ ਵਿਚਾਰਿਆ ਜਾਵੇ।

6) ਮੈਡੀਕਲ ਸਰਵਿਸ ਪ੍ਰੋਵਾਈਡਰ ਜਿਹੜੇ ਕਿ ਪਿੰਡਾਂ ਵਿੱਚ ਸਬਸੀਡੀਅਰ ਹੈਲਥ ਸੈਂਟਰਾਂ ਵਿੱਚ ਤੈਨਾਤ ਕੀਤੇ ਗਏ ਹਨ,ਉਨ੍ਹਾਂ ਦੀ ਹਾਜਰੀ ਅਤੇ ਡਿਸਪੈਂਸਰੀਆਂ ਵਿੱਚ 7500/-ਰੁਪਏ ਪ੍ਰਤੀ ਮਹੀਨੇ ਦੇ ਹਿਸਾਬ ਨਾਲ ਦਵਾਈਆਂ ਦਿੱਤੀਆਂ ਗਈਆਂ ਹਨ। ਸਿਵਲ ਡਿਸਪੈਂਸਰੀ ਦੀ ਰੱਖ-ਰਖਾਉ ਅਤੇ ਹੋਰ ਬੁਨਿਆਦੀ ਢਾਂਚੇ ਲਈ ਜਿਲਾ ਪ੍ਰੀਸ਼ਦਾਂ ਨੂੰ 50,000/-ਪ੍ਰਤੀ ਡਿਸਪੈਂਸਰੀ ਦਿੱਤਾ ਗਿਆ ਹੈ ਇਸ ਦੇ ਖਰਚ ਕਰਨ ਸਬੰਧੀ ਵਿਚਾਰ ਕੀਤਾ ਜਾਵੇ।

7) ਪਸ਼ੂ ਹਸਪਤਾਲਾਂ ਅਤੇ ਡਿਸਪੈਂਸਰੀਆਂ ਵਿੱਚ ਵੈਟਰਨਰੀ ਸਰਵਿਸ ਪ੍ਰੋਵਾਈਡਰਾਂ ਦੀ ਹਾਜ਼ਰੀ ਸੁਨਿਸ਼ਚਿਤ ਕਰਨ ਅਤੇ ਪਸ਼ੂਆ ਲਈ ਜੋ 7500/-ਰੁਪਏ ਪ੍ਰਤੀ ਮਹੀਨਾ ਦਵਾਈਆਂ ਦੀ ਸਪਲਾਈ ਨੂੰ ਵੰਡਣ ਸਬੰਧੀ, ਪਸ਼ੂ ਹਸਪਤਾਲਾਂ ਦੀਆਂ ਇਮਾਰਤਾਂ ਦੇ ਰੱਖ-ਰਖਾਓ ਅਤੇ ਮੁੰਰਮਤ ਪੰਚਾਇਤ ਵਲੋਂ ਕਰਨ ਬਾਰੇ ਵਿਚਾਰ ਕੀਤੀ ਜਾਵੇ।

8) ਸਿੰਗਲ ਵਾਟਰ ਸਪਲਾਈ ਵਾਲੇ ਪਿੰਡਾਂ ਵਿੱਚ ਵਾਟਰ ਚਾਰਜ ਅਤੇ ਵਾਟਰ ਸਪਲਾਈ ਲਈ ਲੱਗੀ ਮੋਟਰ ਨੂੰ ਚਲਾਉਣ ਲਈ ਬਿਜਲੀ ਦੇ ਬਿਲਾਂ ਦੀ ਅਦਾਇਗੀ ਅਤੇ ਵਾਟਰ ਵਰਕਸ ਰੱਖ-ਰਖਾਓ ਬਾਰੇ ਵਿਚਾਰ-ਵਟਾਂਦਰਾ ਕੀਤਾ ਜਾਵੇ।

9) ਨੈਸ਼ਨਲ ਰੂਰਲ ਇਮਪਲਾਈਮੈਂਟ ਗਰੰਟੀ ਪ੍ਰੋਗਰਾਮ ਅਧੀਨ ਲਏ ਜਾਣ ਵਾਲੇ ਪ੍ਰੋਜੈਕਟ ਗਰਾਮ ਸਭਾ ਦੀ ਪ੍ਰਵਾਨਗੀ ਪ੍ਰਾਪਤ ਕਰਨਾ:

ਗਰਾਮ ਸਭਾ ਦੀ ਮੀਟਿੰਗਾਂ ਸਬੰਧੀ ਪਹਿਲਾਂ ਅਜੰਡਾ ਸਰਪੰਚ ਅਤੇ ਪੰਚਾਇਤ ਸਕੱਤਰ ਵਲੋਂ ਕੱਢਿਆ ਜਾਵੇ ਅਤੇ ਪਿੰਡਾਂ ਵਿੱਚ ਲੱਗੇ ਬੋਰਡਾਂ ਉਪਰ ਮੀਟਿੰਗ ਦੀ ਮਿਤੀ, ਸਥਾਨ ਅਤੇ ਜੋ ਕਾਰਵਾਈ ਗਰਾਮ ਸਭਾ ਦੀ ਮੀਟਿੰਗ ਵਿੱਚ ਕੀਤੀ ਜਾਣੀ ਹੈ, ਉਸ ਸਬੰਧੀ ਅਜੰਡੇ ਵਿੱਚ ਸਪੱਸ਼ਟ ਤੌਰ ਤੇ ਦੱਸਿਆ ਜਾਵੇ। ਅਜੰਡੇ ਦੀ ਕਾਪੀ ਆਮ ਲੋਕਾਂ ਦੀ ਜਾਣਕਾਰੀ ਲਈ ਮੀਟਿੰਗ ਤੋਂ ਘੱਟੋ-ਘੱਟ 15 ਦਿਨ ਪਹਿਲਾਂ ਬੋਰਡ ਉਪਰ ਚਸਪਾ ਕੀਤੀ ਜਾਵੇ ਅਤੇ ਉਸ ਦੀ ਸੂਚਨਾ ਸਬੰਧਤ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਦੇ ਦਫਤਰ ਵਿਖੇ ਭੇਜੀ ਜਾਵੇ ਤਾਂ ਜੋ ਸਬੰਧਤ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਮੀਟਿੰਗ ਵਿੱਚ ਖੁੱਦ ਜਾਂ ਆਪਣੇ ਦਫਤਰ ਦੇ ਪ੍ਰਸਾਰ ਅਫਸਰ ਦੀ ਡਿਊਟੀ ਮੀਟਿੰਗ ਵਿੱਚ ਭਾਗ ਲੈਣ ਲਈ ਲਾਉਣ।

ਗਰਾਮ ਸਭਾ ਦੀ ਮੀਟਿੰਗ ਉਪਰੰਤ ਪ੍ਰਸਾਰ ਅਫਸਰ ਦੀ ਜਿੰਮੇਵਾਰੀ ਹੋਵੇਗੀ ਕਿ ਹੋਈ ਕਾਰਵਾਈ ਬਾਰੇ ਲਿਖਤੀ ਰੂਪ ਵਿੱਚ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਨੂੰ ਸੂਚਿਤ ਕਰੇਗਾ ਕਿ ਗਰਾਮ ਸਭਾ ਦੀ ਮੀਟਿੰਗ ਵਿੱਚ ਕੀ ਕਾਰਵਾਈ ਹੋਈ ਹੈ ਅਤੇ ਮੀਟਿੰਗ ਵਿੱਚ ਕਿੰਨੇ ਗਰਾਮ ਸਭਾ ਦੇ ਮੈਂਬਰਾਂ ਨੇ ਭਾਗ ਲਿਆ ਹੈ।

ਗਰਾਮ ਸਭਾ ਦੀ ਮੀਟਿੰਗ ਤੋਂ ਤਿੰਨ ਦਿਨਾਂ ਦੇ ਅੰਦਰ-ਅੰਦਰ ਸਬੰਧਤ ਪੰਚਾਇਤ ਸਕੱਤਰ ਕਾਰਵਾਈ ਲਿਖ ਕੇ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਨੂੰ ਪੇਸ਼ ਕਰੇਗਾ। ਗਰਾਮ ਸਭਾ ਦੀ ਮੀਟਿੰਗ ਵਿੱਚ ਜੇਕਰ ਕੋਈ

ਮੁੱਦਾ ਉੱਠਦਾ ਹੈ ਤਾਂ ਉਸ ਦਾ ਹੱਲ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਕਰੇਗਾ। ਜੇਕਰ ਉਸ ਤੋਂ ਕੋਈ ਹੱਲ ਨਾ ਕਰਨ ਵਾਲਾ ਹੋਵੇ ਤਾਂ ਉਹ ਉੱਚ ਅਧਿਕਾਰੀਆਂ ਨੂੰ ਲਿਖੇਗਾ।

ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ ਹਰ ਮਹੀਨੇ ਬਲਾਕ ਵਿਕਾਸ ਅਤੇ ਪੰਚਾਇਤ ਅਫਸਰਾਂ ਦੀ ਮਾਸਿਕ ਮੀਟਿੰਗਾਂ ਵਿੱਚ ਗਰਾਮ ਸਭਾ ਦੀਆਂ ਮੀਟਿੰਗਾਂ ਸਬੰਧੀ ਰੀਵਿਊ ਕਰੇਗਾ। ਉਹ ਹਰ ਮਹੀਨੇ ਆਪਣੇ ਜ਼ਿਲੇ ਦੀ ਰਿਪੋਰਟ ਡਵੀਜ਼ਨਲ ਡਿਪਟੀ ਡਾਇਰੈਕਟਰ ਰਾਹੀਂ ਮੁੱਖ ਦਫਤਰ ਨੂੰ ਨਿਰਧਾਰਤ ਪਰਫਾਰਮੇ ਵਿੱਚ ਭੇਜਣਾ ਯਕੀਨੀ ਬਣਾਉਣਗੇ।

ਸੰਯੁਕਤ ਡਾਇਰੈਕਟਰ (ਪੇਂਡੂ ਵਿਕਾਸ)

## ਗਰਾਮ ਸਭਾ ਦੀਆਂ ਮੀਟਿੰਗਾਂ ਸਬੰਧੀ ਰਿਪੋਰਟ

ਬਲਾਕ

| ਲੜੀ ਨੰ: | ਗਰਾਮ ਸਭਾ ਦਾ ਨਾਂ | ਗਰਾਮ ਸਭਾ ਦੀ ਮੀਟਿੰਗ ਦੀ ਮਿਤੀ ਅਤੇ ਸਥਾਨ | ਗਰਾਮ ਸਭਾ ਦੇ ਹਾਜਰ ਮੈਂਬਰਾਂ ਦੀ ਗਿਣਤੀ | ਜਿਸ ਪ੍ਰਸਾਰ ਅਫਸਰ ਨੇ ਮੀਟਿੰਗ ਵਿੱਚ ਭਾਗ ਲਿਆ ਹੈ। | ਕਿਹੜਾ ਮੁੱਦਾ ਮੀਟਿੰਗ ਦੌਰਾਨ ਸਾਹਮਣੇ ਆਇਆ ਹੈ? | ਵਿਸ਼ੇਸ਼ ਕਥਨ |
|---|---|---|---|---|---|---|
| 1 | 2 | 3 | 4 | 5 | 6 | 7 |

## ਜਿਲੇ ਦੀ ਰਿਪੋਰਟ

| ਲੜੀ ਨੰ: | ਬਲਾਕ ਦਾ ਨਾਂ | ਕਿੰਨੀਆਂ ਗਰਾਮ ਸਭਾਵਾਂ ਵਿੱਚ ਮੀਟਿੰਗਾਂ ਹੋ ਚੁੱਕੀਆਂ ਹਨ | ਕਿੰਨੀਆਂ ਗਰਾਮ ਸਭਾਵਾਂ ਵਿੱਚ ਮੀਟਿੰਗਾਂ ਨਹੀਂ ਹੋਈਆਂ | ਗਰਾਮ ਸਭਾ ਦੀਆਂ ਮੀਟਿੰਗਾਂ ਨਾ ਹੋਣ ਦੇ ਕਾਰਨ | ਵਿਸ਼ੇਸ਼ ਕਥਨ |
|---|---|---|---|---|---|
| 1 | 2 | 3 | 4 | 5 | 6 |